## ਗੁਰੂ ਨਾਨਕ –ਸਬਦ ੧੪

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੫

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥
ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥
ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥

ਸਾਰ: ਸਪੱਸ਼ਟਤਾ ਅਤੇ ਸਵੈ-ਚਿੰਤਨ ਸਥਿਰ ਅੰਤਰੀਵੀ ਚਾਨਣ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ; ਇਹਨਾਂ ਤੋਂ ਬਿਨਾਂ, ਮਨ ਬੇਚੈਨ ਹੋ ਜਾਂਦਾ ਹੈ, ਭਰਮਾਂ ਨੂੰ ਆਪਣਾ ਆਪ ਕਾਬੂ ਵਿਚ ਲੈਣ ਦੀ ਆਗਿਆ ਦਿੰਦਾ ਹੈ। ਸੱਚੀ ਜਾਗਰੂਕਤਾ ਸਾਨੂੰ ਧੋਖੇ ਪ੍ਰਤੀ ਸੁਚੇਤ ਕਰਦੀ ਹੈ; ਜਦੋਂ ਮਨ ਸਪਸ਼ਟਤਾ ਵਿਚ ਸਥਿਰ ਹੋ ਜਾਂਦਾ ਹੈ, ਤਾਂ ਨਿਘਾੜ ਪਕੜ ਗੁਆ ਦਿੰਦਾ ਹੈ। ਸਵੈ ਦੀ ਤਾਕਤ ਵਿਰੋਧ ਕਰਨ ਵਿਚ ਨਹੀਂ, ਸਗੋਂ ਉਲਝਣ ਅਤੇ ਮੁਸੀਬਤਾਂ ਦੇ ਸਮੇਂ ਸ਼ਾਂਤ ਅਤੇ ਅਡੋਲ ਰਹਿਣ ਦੀ ਯੋਗਤਾ ਵਿਚ ਹੈ। ਜ਼ਿੰਦਗੀ ਅਣਗਿਣਤ ਅਣਡਿਠ ਵਿਧੀਆਂ ਰਾਹੀਂ ਸਾਡਾ ਸਮਰਥਨ ਕਰਦੀ ਹੈ, ਅਤੇ ਇਸ ਅਸਲੀਅਤ ਨੂੰ ਸ਼ੱਕ ਦੀ ਬਜਾਏ ਸ਼ੁਕਰਗੁਜ਼ਾਰੀ ਨਾਲ ਅਪਣਾਉਣ ਵਿਚ ਹੀ ਬਿਬੇਕ ਨਿਹਿਤ ਹੈ। ਜਿਵੇਂ ਇਕ ਲਾਟ ਨੂੰ ਬਲਣ ਲਈ ਤੇਲ ਦੀ ਲੋੜ ਹੁੰਦੀ ਹੈ,

ਉਸੇ ਤਰ੍ਹਾਂ ਜਾਗਰੂਕਤਾ, ਚਿੰਤਨ ਅਤੇ ਇਮਾਨਦਾਰੀ ਤੋਂ ਬਿਨਾਂ ਪ੍ਰਫੁੱਲਤ ਨਹੀਂ ਹੋ ਸਕਦੀ। ਚਿੰਤਨ ਸੂਝ ਨੂੰ ਵਧਾਉਂਦਾ ਹੈ, ਜਦੋਂ ਕਿ ਇਮਾਨਦਾਰੀ ਸਥਿਰਤਾ ਪ੍ਰਦਾਨ ਕਰਦੀ ਹੈ; ਦੋਵੇਂ ਇਕੱਠੇ, ਸਾਡੇ ਅੰਤਰੀਵੀ ਚਾਨਣ ਨੂੰ ਜਗਾਉਂਦੇ ਰਹਿੰਦੇ ਹਨ। ਇਕ ਬੇਚੈਨ ਮਨ ਨਾਜ਼ੁਕ ਲਾਟ ਵਾਂਗ ਝਪਕਦਾ ਹੈ, ਜਦੋਂ ਕਿ ਕੇਂਦਰਿਤ ਮਨ ਸ਼ਾਂਤ ਪਰ ਸ਼ਕਤੀਸ਼ਾਲੀ ਸਮਰੱਥਾ ਨਾਲ ਫੈਲਦਾ ਹੈ।

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥

ਸਚਿਆਰ ਮਨੁਖ ਧੋਖੇ ਨਾਲ ਗੁੰਮਰਾਹ ਨਹੀਂ ਹੁੰਦੇ, ਜਿਵੇਂ ਇਕ ਛੁਰਾ ਅਡੋਲ ਆਤਮਾ ਨੂੰ ਜ਼ਖਮੀ ਨਹੀਂ ਕਰ ਸਕਦਾ, ਇਹ ਇਸ ਤੱਥ ਦਾ ਪ੍ਰਮਾਣ ਹੈ ਕਿ ਰੂਹਾਨੀ ਸਪਸ਼ਟਤਾ ਭਰਮਾਂ ਤੋਂ ਬਚਾਉਂਦੀ ਹੈ, ਜਿਸ ਨਾਲ ਸ਼ਾਂਤੀ ਵੀ ਪ੍ਰਭਾਵਿਤ ਨਹੀਂ ਹੁੰਦੀ।

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥

ਜਿਸ ਵੀ ਮਾਧਿਅਮ ਰਾਹੀਂ ਵਿਸ਼ਵਵਿਆਪੀ ਊਰਜਾ ਸਾਨੂੰ ਪਾਲਦੀ ਹੈ, ਇਹ ਸਵੀਕਾਰਤਾ ਅਤੇ ਕਲਾਵੇ ਵਿਚ ਲੈਣ ਦੇ ਹੱਕਦਾਰ ਹਨ; ਪਰ ਲਾਲਚੀਆਂ ਦੇ ਮਨ ਬੇਚੈਨ ਅਤੇ ਅਸਥਿਰ ਹੁੰਦੇ ਹਨ। (੧)

ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥

ਬਿਨਾਂ ਤੇਲ, ਦੀਵਾ ਕਿਵੇਂ ਜਗਦਾ ਰਹਿ ਸਕਦਾ ਹੈ? ਇਹ ਰੂਪਕ ਦਰਸਾਉਂਦਾ ਹੈ ਕਿ, ਸਵੈ-ਚਿੰਤਨ ਦੇ ਜ਼ਰੂਰੀ ਗੁਣ ਤੋਂ ਬਿਨਾਂ, ਜਾਗਰੂਕਤਾ ਦਾ ਚਾਨਣ ਕਾਇਮ ਨਹੀਂ ਰਹਿ ਸਕਦਾ। (੧)(ਠਹਿਰਾਉ)

ਪੋਥੀ ਪੁਰਾਣ ਕਮਾਈਐ ॥

ਕੋਈ ਵਿਅਕਤੀ ਪਵਿੱਤਰ ਕਿਤਾਬਾਂ ਅਤੇ ਧਰਮ ਗ੍ਰੰਥਾਂ ਦਾ ਅਧਿਐਨ ਕਰ ਸਕਦਾ ਹੈ, ਪਰ ਬਿਬੇਕ ਦੀ ਪ੍ਰਾਪਤੀ ਉਦੋਂ ਹੀ ਹੁੰਦੀ ਹੈ ਜਦੋਂ ਕੋਈ ਉਸ ਦਾ ਅਭਿਆਸ ਕਰਦਾ ਹੈ ਜਿਸ ਵੱਲ ਗ੍ਰੰਥ ਇਸ਼ਾਰਾ ਕਰਦੇ ਹਨ। ਇਹ ਸੁਝਾਅ ਦਿੰਦਾ ਹੈ ਕਿ ਬਿਬੇਕ ਜੀਉਣਾ ਦਾ ਨਾਮ ਹੈ ਨਾ ਕਿ ਸਿਰਫ਼ ਰਸਮੀ ਉਚਾਰਨ ਦਾ।

ਭਉ ਵਟੀ ਇਤੁ ਤਨਿ ਪਾਈਐ ॥

ਆਪਣੇ ਅੰਦਰ ਭਟਕਣਾਂ ਦਾ ਡਰ ਇਸ ਤਰ੍ਹਾਂ ਵਸਾਓ, ਜਿਵੇਂ ਬੱਤੀ ਦੀਵੇ ਨੂੰ ਬਾਲਣ ਲਈ ਤੇਲ ਵਿਚ ਭਿੱਜ ਜਾਂਦੀ ਹੈ, ਜੋ ਇਸ ਸਤਿ ਨੂੰ ਦ੍ਰਿੜ ਕਰਵਾਉਂਦੀ ਹੈ ਕਿ ਅੰਤਰੀਵੀ ਚੌਕਸੀ, ਜਾਗਰੂਕਤਾ ਨੂੰ ਕਾਇਮ ਰੱਖਦੀ ਹੈ।

ਸਚੁ ਬੂਝਣੁ ਆਣਿ ਜਲਾਈਐ ॥੨॥

ਸਤਿ ਨੂੰ ਸਵਿਕਾਰ ਕਰਦੇ ਹੋਏ, ਇਸਦੇ ਸਨਮਾਨ ਵਿਚ ਦੀਵਾ ਜਗਾਓ, ਜੋ ਇਸ ਤੱਥ ਦਾ ਪ੍ਰਤੀਕ ਹੈ ਕਿ ਹਕੀਕਤ ਆਪਣੇ ਦੁਆਰਾ ਦਿੱਤੀ ਸਪਸ਼ਟਤਾ ਅਤੇ ਗਿਆਨ ਲਈ ਸਾਡੇ ਸਤਿਕਾਰ ਦੀ ਹੱਕਦਾਰ ਹੈ। (੨)

ਇਹੁ ਤੇਲੁ ਦੀਵਾ ਇਉ ਜਲੈ ॥

ਇਹ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਤੇਲ ਦੀਵੇ ਨੂੰ ਬਾਲਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਵਿਕਾਸ ਅਤੇ ਪੂਰਨਤਾ ਲਈ ਸਾਰਥਕ ਇਰਾਦਿਆ ਨੂੰ ਨਿਰੰਤਰ ਧਾਰਨ ਕਰਨ ਦੀ ਲੋੜ ਹੁੰਦੀ ਹੈ।

ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥

ਗਿਆਨ ਨੂੰ ਕਲਾਵੇ ਵਿਚ ਲੈ ਕੋਈ ਸਰਵਉਚ ਏਕਤਾ ਨਾਲ ਜੁੜਦਾ ਹੈ, ਜੋ ਇਸ ਤੱਥ ਦੀ ਪ੍ਰਤੀਕ ਹੈ ਕਿ ਜਾਗਰੂਕਤਾ ਵਿਸ਼ਵਵਿਆਪੀ ਏਕਤਾ ਦਾ ਅਨੁਭਵ ਕਰਵਾਉਂਦੀ ਹੈ। (੧)(ਠਹਿਰਾਉ)

ਇਤੁ ਤਨਿ ਲਾਗੈ ਬਾਣੀਆ ॥

ਜਦੋਂ ਸਾਡੇ ਅੰਦਰ ਬਿਬੇਕ ਦੀ ਸਦ ਗੂੰਜਦੀ ਹੈ,

ਸੁਖੁ ਹੋਵੈ ਸੇਵ ਕਮਾਣੀਆ ॥

ਸਵੈ-ਚਿੰਤਨ ਦੇ ਅਭਿਆਸ ਰਾਹੀਂ ਸ਼ਾਂਤੀ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਸਭ ਦੁਨੀਆ ਆਵਣ ਜਾਣੀਆ ॥੩॥

ਹਰ ਵਸਤ ਜੋ ਹੋਂਦ ਵਿੱਚ ਆਉਂਦੀ ਹੈ, ਅੰਤ ਖਤਮ ਹੋ ਜਾਂਦੀ ਹੈ। (੩)

ਵਿਚਿ ਦੁਨੀਆ ਸੇਵ ਕਮਾਈਐ ॥

ਸੰਸਾਰਿਕ ਮਾਮਲਿਆਂ ਵਿਚਕਾਰ, ਆਪਣੀ ਅਤੇ ਦੂਜਿਆਂ ਦੀ ਸੇਵਾ ਕਰਨ ਦੀ ਯੋਗਤਾ ਪ੍ਰਾਪਤ ਕਰੋ,

ਤਾ ਦਰਗਹ ਬੈਸਣੁ ਪਾਈਐ ॥

ਕੇਵਲ ਤਦ ਹੀ, ਆਪਣੀ ਅੰਤਰ-ਆਤਮਾ ਨਾਲ ਜੁੜਣ ਦੀ ਥਾਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜੋ ਆਤਮ ਦਰਸ਼ਨ ਦੀ ਪ੍ਰਤੀਕ ਹੈ ਜੋ ਸਾਨੂੰ ਆਪਣੇ ਅਸਲ ਰੂਪ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ।

ਕਹੁ ਨਾਨਕ ਬਾਹ ਲੁਡਾਈਐ ॥੪॥੩੩॥

ਨਾਨਕ ਕਹਿੰਦੇ ਹਨ ਕਿ ਖੁਸ਼ੀ ਵਿਚ ਆਪਣੀਆਂ ਬਾਹਾਂ ਫੈਲਾਓ, ਜੋ ਕਿ ਪ੍ਰਮਾਣਿਕਤਾ ਦੀ ਮਾਸੂਮੀਅਤ ਨੂੰ ਅਪਣਾਉਣ ਦੇ ਬੁਨਿਆਦੀ ਅਨੰਦ ਨੂੰ ਦਰਸਾਉਂਦੀ ਹੈ। (੪)(੩੩)

ਤੱਤ: ਗੁਰੂ ਨਾਨਕ ਬੱਚਿਆਂ ਵਰਗੀ ਮਾਸੂਮੀਅਤ ਨੂੰ ਸੁੰਦਰ ਢੰਗ ਨਾਲ ਦਰਸਾਉਂਦੇ ਹਨ ਜੋ ਸ਼ਰਤੀਆ ਮਨ ਤੋਂ ਪਾਰ ਵਸਦੀ ਹੈ, ਬਿਲਕੁਲ ਇਕ ਬੇਫਿਕਰ ਬੱਚੇ ਵਾਂਗ ਜੋ ਖੁਸ਼ੀ ਨਾਲ ਆਪਣੀਆਂ ਬਾਹਾਂ ਫੈਲਾਉਂਦਾ ਹੈ। ਇਮਾਨਦਾਰੀ ਨਾਲ ਸੇਵਾ ਅਤੇ ਅੰਤਰ ਪੜਚੋਲ ਕਰ, ਅਸੀਂ ਆਪਣੇ ਸਰਵੋਤਮ ਪ੍ਰਮਾਣਿਕ ਸਰੂਪ ਦਾ ਆਨੰਦ ਖੋਜ ਸਕਦੇ ਹਾਂ, ਜਿਸਨੂੰ ਕੋਈ ਵੀ ਭਰਮ ਘਟਾ ਨਹੀਂ ਸਕਦਾ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ, ਸੰਸਾਰਿਕ ਮਾਮਲਿਆਂ ਦੀ ਭਟਕਣਾਂ ਵਿਚਕਾਰ, ਆਪਣੇ ਆਪ ਅਤੇ ਦੂਜਿਆਂ ਦੀ ਉਸਾਰੂ ਤੌਰ 'ਤੇ ਸੇਵਾ ਕਰਨ ਦੀ ਸਮਰੱਥਾ ਪੈਦਾ ਕਰਨੀ ਜ਼ਰੂਰੀ ਹੈ। ਇਹ ਸਹਿਜ ਸਾਡੀ ਜ਼ਮੀਰ ਨੂੰ ਆਤਮ-ਦਰਸ਼ਨ ਵੱਲ ਵਧਣ, ਆਪਣੇ ਆਪ ਦਾ ਸਾਹਮਣਾ ਕਰਨ ਅਤੇ ਸੰਸਾਰ ਨੂੰ ਇਮਾਨਦਾਰੀ ਅਤੇ ਖੁਸ਼ੀ ਨਾਲ ਗਲਵਕੜੀ ਵਿਚ ਲੈਣ ਲਈ ਜਗਾਉਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**